# ਨਸਲੀ ਸਮਾਨਤਾ ਨੂੰ ਉਤਸ਼ਾਹਤ ਕਰਨ ਲਈ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਕਾਨੂੰਨੀ ਸਹਾਇਤਾ ਸੇਵਾਵਾਂ ਪਰਿਸ਼ਦ

ਕਾਨੂੰਨੀ ਸਹਾਇਤਾ ਸੇਵਾਵਾਂ ਪਰਿਸ਼ਦ (ਐਲ ਏ ਐਸ ਸੀ) (Legal Aid Services Council, LASC) ਸੀਮਤ ਸਾਧਨਾਂ ਦੇ ਲੋਕਾਂ ਸਨਮੁੱਖ ਨਿਆਂ ਅਤੇ ਸਮਾਨਤਾ ਤੱਕ ਪਹੁੰਚ ਸੁਨਿਸ਼ਚਿਤ ਕਰਨ ਦੀ ਕੋਸ਼ਿਸ਼ ਕਰਕੇ ਕਾਨੂੰਨ ਦੇ ਰਾਜ ਨੂੰ ਬਰਕਰਾਰ ਰੱਖਣ ਅਤੇ ਵਧਾਉਣ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਂਦੀ ਹੈ। ਉਹ ਵਿਅਕਤੀ ਜਿਨ੍ਹਾਂ ਕੋਲ ਕੋਰਟ ਆਫ਼ ਫਾਇਨਲ ਅਪੀਲ (Court of Final Appeal) ਦੇ ਕੋਲ ਉਨ੍ਹਾਂ ਦੀ ਅਪੀਲ ਦੇ ਸਬੰਧ ਵਿੱਚ ਕਾਨੂੰਨੀ ਸਹਾਇਤਾ ਲਈ ਕੀਤੇ ਇਨਕਾਰ ਦੀ ਸਮੀਖਿਆ ਦੀ ਮੰਗ ਕਰਨ ਲਈ ਸਾਧਨਾਂ ਦੀ ਘਾਟ ਹੈ, ਐਲ ਏ ਐਸ ਸੀ (LASC) ਨੇ ਉਨ੍ਹਾਂ ਲਈ ਕੌਂਸਲ ਦੁਆਰਾ ਪ੍ਰਮਾਣ-ਪੱਤਰ ਦੇ ਪ੍ਰਾਵਧਾਨ ਲਈ ਇੱਕ ਸਹਾਇਤਾ ਯੋਜਨਾ ਵੀ ਲਾਗੂ ਕੀਤੀ ਹੈ।

ਮੌਜੂਦਾ ਉਪਾਅ

- ਐੱਲ ਏ ਐਸ ਸੀ (LASC) ਲੋਕਾਂ ਨੂੰ ਚੀਨੀ ਅਤੇ ਅੰਗ੍ਰੇਜ਼ੀ ਭਾਸ਼ਾ ਵਿੱਚ ਪੁੱਛ-ਗਿੱਛ ਸੇਵਾਵਾਂ ਪ੍ਰਦਾਨ ਕਰਦੀ ਹੈ। ਐਲ ਏ ਐਸ ਸੀ (LASC) ਦੀ ਵੈੱਬਸਾਈਟ 'ਤੇ ਮੌਜੂਦ ਜਾਣਕਾਰੀ ਵੀ ਚੀਨੀ ਅਤੇ ਅੰਗ੍ਰੇਜ਼ੀ ਦੋਵੇਂ ਭਾਸ਼ਾਵਾਂ ਵਿੱਚ ਹੈ।

- ਐਲ ਏ ਐਸ ਸੀ (LASC) ਦੁਆਰਾ ਚਲਾਈ ਜਾਂਦੀ ਸਹਾਇਤਾ ਯੋਜਨਾ ਲਈ ਨੋਟਿਸ ਅਤੇ ਅਰਜ਼ੀ, ਚੀਨੀ ਅਤੇ ਅੰਗ੍ਰੇਜ਼ੀ ਦੋਵੇਂ ਭਾਸ਼ਾਵਾਂ ਵਿੱਚ ਹਨ।

- ਸਹਾਇਤਾ ਸਕੀਮ ਦੇ ਨੋਟਿਸ ਅਤੇ ਅਰਜ਼ੀ ਫਾਰਮ ਲਈ ਦਸ ਭਾਸ਼ਾਵਾਂ, ਜਿਵੇਂ ਕਿ ਬੰਗਾਲੀ, ਹਿੰਦੀ, ਬਹਾਸਾ ਇੰਡੋਨੇਸ਼ੀਆ, ਨੇਪਾਲੀ, ਪੰਜਾਬੀ, ਤਾਗਾਲੋਗ, ਤਾਮਿਲ, ਥਾਈ, ਉਰਦੂ ਅਤੇ ਵੀਅਤਨਾਮੀ ਵਿੱਚ ਅਨੁਵਾਦ ਉਪਲਬਧ ਹੈ।

- ਬੇਨਤੀ ਕਰਨ 'ਤੇ ਜਿੱਥੇ ਢੁੱਕਵਾਂ ਅਤੇ ਵਿਹਾਰਕ ਹੋਵੇਗਾ, ਸੈਂਟਰ ਫਾਰ ਹਾਰਮਨੀ ਐਂਡ ਐਨਹਾਂਸਮੈਂਟ ਆਫ਼ ਐਥਨਿਕ ਮਾਈਨੋਰਿਟੀ ਰੈਜ਼ੀਡੈਂਟਸ (Centre for Harmony and Enhancement of Ethnic Minority Residents) ਰਾਹੀਂ ਟੈਲੀਫ਼ੋਨ 'ਤੇ ਬਾਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਤਾਗਾਲੋਗ, ਥਾਈ, ਉਰਦੂ ਅਤੇ ਵੀਅਤਨਾਮੀ ਨਾਮਕ ਅੱਠ ਭਾਸ਼ਾਵਾਂ ਵਿੱਚ ਦੁਭਾਸ਼ੀਆ ਸੇਵਾ ਪ੍ਰਦਾਨ ਕੀਤੀ ਜਾਵੇਗੀ।

ਭਵਿੱਖ ਦੇ ਕੰਮ ਦਾ ਮੁਲਾਂਕਣ

- ਐਲ ਏ ਐਸ ਸੀ (LASC) ਸਮੇਂ-ਸਮੇਂ 'ਤੇ ਇਸ ਦੀਆਂ ਸੇਵਾਵਾਂ ਦੀ ਸਮੀਖਿਆ ਕਰਦੀ ਹੈ ਅਤੇ ਜਿੱਥੇ ਜ਼ਰੂਰੀ ਹੋਵੇ ਸੁਧਾਰ ਕਰਦੀ ਹੈ।

ਕੀਤੇ ਜਾਣ ਵਾਲੇ

- ਜਿੱਥੇ ਢੁੱਕਵਾਂ ਅਤੇ ਵਿਹਾਰਕ ਹੋਵੇਗਾ ਐਲ ਏ ਐਸ ਸੀ (LASC), ਜਨਤਕ ਪੁੱਛ-ਗਿੱਛ ਜਾਂ

| | |
|---|---|
| ਅਤਿਰਿਕਤ ਉਪਾਅ | ਸਹਾਇਤਾ ਯੋਜਨਾ ਨਾਲ ਸੰਬੰਧਿਤ ਮਾਮਲਿਆਂ ਵਿੱਚ ਉੱਪਰ ਦੱਸੀਆਂ ਗਈਆਂ ਅੱਠ ਭਾਸ਼ਾਵਾਂ ਵਿੱਚ ਟੈਲੀਫ਼ੋਨ ਉੱਤੇ ਦੁਭਾਸ਼ੀਆ ਸੇਵਾ ਪ੍ਰਦਾਨ ਕਰਨਾ ਜਾਰੀ ਰੱਖੇਗੀ। |

- LASC ਸਟਾਫ ਦੀ ਜਾਗਰੂਕਤਾ ਵਧਾਉਣ ਅਤੇ ਵੱਖ-ਵੱਖ ਨਸਲਾਂ ਦੇ ਲੋਕਾਂ ਤੋਂ ਪੁੱਛਗਿੱਛਾਂ ਨੂੰ ਸੰਭਾਲਣ ਲਈ ਨਸਲੀ ਸਮਾਨਤਾ 'ਤੇ ਸਿਖਲਾਈ ਕੋਰਸਾਂ ਵਿੱਚ ਹਾਜ਼ਰ ਹੋਣ ਲਈ ਸਟਾਫ ਦਾ ਪ੍ਰਬੰਧ ਕਰਨਾ ਜਾਰੀ ਰੱਖੇਗੀ।

ਉੱਪਰ ਦੱਸੇ ਗਏ ਉਪਾਵਾਂ ਬਾਰੇ ਪੁੱਛ-ਗਿੱਛ ਲਈ, ਕਿਰਪਾ ਕਰਕੇ ਸ੍ਰੀਮਾਨ Bryan CHEUNG, ਕਾਰਜਕਾਰੀ ਅਧਿਕਾਰੀ (ਐਲ ਏ ਐਸ ਸੀ) (LASC) ਨਾਲ ਹੇਠ ਲਿਖੇ ਮਾਧਿਅਮਾਂ ਰਾਹੀਂ ਸੰਪਰਕ ਕਰੋ –

| | |
|---|---|
| ਟੈਲੀਫ਼ੋਨ ਨੰ. | : 2838 5010 |
| ਫ਼ੈਕਸ ਨੰ. | : 2838 5053 |
| ਈਮੇਲ | : enquiry@lasc.hk |

**ਕਾਨੂੰਨੀ ਸਹਾਇਤਾ ਸੇਵਾਵਾ ਪਰਿਸ਼ਦ**

**ਮਈ 2025**